# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
## (ਅਮਲਾ-4 ਸ਼ਾਖਾ)

ਹੁਕਮ ਨੰ: 2/1-2017ਅ4(5)
ਮਿਤੀ: 02.07.2018

## ਪਬਲਿਕ ਨੋਟਿਸ

ਇਸ ਦਫਤਰ ਦੇ ਹੁਕਮ ਨੰ. 2/1-2017ਅ4(5) ਮਿਤੀ 26.06.2018/27-6-2018 ਰਾਹੀਂ ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੀ ਤਰੱਕੀ ਲਈ ਵਿਭਾਗੀ ਵੈੱਬ-ਸਾਈਟ ਤੇ ਵਿਸ਼ਾ ਸੀਨੀਆਰਤਾ ਸੂਚੀਆਂ ਅੱਪ ਲੋਡ ਕਰਕੇ ਮਿਤੀ 28-06-2018 ਨੂੰ ਕਾਊਂਸਲਿੰਗ ਕਰਨ ਦੇ ਸੰਬੰਧ ਵਿਚ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਸੀ। ਉਪਰੋਕਤ ਦੀ ਲਗਾਤਾਰਤਾ ਵਿਚ ਵਿਭਾਗ ਦੀ ਵੈਬ ਸਾਇਟ ਤੇ ਅੱਪਲੋਡ ਕੀਤੀਆਂ ਉਕਤ ਵਿਸ਼ਾ ਸੀਨੀਆਰਤਾ ਸੂਚੀਆਂ ਅਨੁਸਾਰ ਉਕਤ ਕਾਊਂਸਲਿੰਗ ਸਮੇਂ ਹਾਜ਼ਰ ਨਾ ਹੋਣ ਵਾਲੇ ਟੀਚਰਾਂ ਨੂੰ ਹੇਠ ਦਰਸਾਏ ਅਨੁਸਾਰ ਕਾਊਂਸਲਿੰਗ ਲਈ ਆਪਣੇ ਦਸਤਾਵੇਜਾਂ ਸਮੇਤ ਹਾਜ਼ਰ ਹੋਣ ਦਾ ਇੱਕ ਆਖਰੀ ਮੌਕਾ ਦਿੱਤਾ ਜਾਂਦਾ ਹੈ:

| ਲੜੀ ਨੰ. | ਮਿਤੀ | ਵਿਸ਼ਾ | ਸਥਾਨ | ਮਿਤੀ 28.06.2018 ਨੂੰ ਉਪਰੋਕਤ ਅਨੁਸਾਰ ਕਾਊਂਸਲਿੰਗ ਤੋਂ **ਰਹਿੰਦੇ ਟੀਚਰਾਂ** ਦੀ ਕਾਊਂਸਲਿੰਗ ਲਈ ਸਮਾਂ ਸਾਰਨੀ | ਵਿਸ਼ੇਸ਼ ਕਥਨ |
|---|---|---|---|---|---|
| 1 | 05.07.2018 | ਅੰਗਰੇਜੀ | ਸਮਾਸਸਸ ਫੇਜ 3-ਬੀ1, ਸਅਸ ਨਗਰ | ਸਵੇਰੇ 11.00 ਵਜੇ – ਸਾਰੇ ਰਹਿੰਦੇ ਅਧਿਆਪਕ | --- |
| 2 | 05.07.2018 | ਸਾਇੰਸ | ਸਹਾਸ ਫੇਜ 7, ਸਅਸ ਨਗਰ | ਸਵੇਰੇ 11.00 ਵਜੇ – ਸਾਰੇ ਰਹਿੰਦੇ ਅਧਿਆਪਕ | ਨਿਯਮਾਂ ਅਨੁਸਾਰ 5 ਸਾਲਾਂ ਤੋਂ ਰੈਗੂਲਰ ਤੌਰ ਤੇ ਕੰਮ ਕਰ ਰਹੇ ਸਾਇੰਸ ਵਿਸ਼ੇ ਦੇ ਕਾਊਂਸਲਿੰਗ ਤੋਂ ਰਹਿ ਗਏ ਸਾਰੇ ਅੰਗਹੀਣ ਅਧਿਆਪਕ ਵੀ ਕਾਊਂਸਲਿੰਗ ਲਈ ਹਾਜ਼ਰ ਹੋਣ |
| 3 | 05.07.2018 | ਮੈਥ | ਸਸਸਸ ਫੇਜ 11, ਸਅਸ ਨਗਰ | ਸਵੇਰੇ 11.00 ਵਜੇ – ਸਾਰੇ ਰਹਿੰਦੇ ਅਧਿਆਪਕ | ਨਿਯਮਾਂ ਅਨੁਸਾਰ 5 ਸਾਲਾਂ ਤੋਂ ਰੈਗੂਲਰ ਤੌਰ ਤੇ ਕੰਮ ਕਰ ਰਹੇ ਮੈਥ ਵਿਸ਼ੇ ਦੇ ਕਾਊਂਸਲਿੰਗ ਤੋਂ ਰਹਿ ਗਏ ਸਾਰੇ ਅੰਗਹੀਣ ਅਧਿਆਪਕ ਵੀ ਕਾਊਂਸਲਿੰਗ ਲਈ ਹਾਜ਼ਰ ਹੋਣ |
| 4 | 05.07.2018 | ਹਿੰਦੀ | ਸਕੰਸਸਸ ਸੋਹਾਣਾ, ਸਅਸ ਨਗਰ | ਸਵੇਰੇ 11.00 ਵਜੇ – ਸਾਰੇ ਰਹਿੰਦੇ ਅਧਿਆਪਕ | --- |
| 5 | 05.07.2018 | ਸਮਾਜਿਕ ਸਿੱਖਿਆ | | ਸਵੇਰੇ 12.00 ਵਜੇ – ਸਾਰੇ ਰਹਿੰਦੇ ਅਧਿਆਪਕ | --- |

ਕੋਈ ਵੀ ਸੀਨੀਅਰ ਪ੍ਰਾਇਮਰੀ ਟੀਚਰ ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਵਿਸ਼ਾ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਅਤੇ ਜਿਸ ਦਾ ਨਾਮ ਉਕਤ ਅਨੁਸਾਰ ਦਰਸਾਈਆਂ ਸੀਨੀਆਰਤਾ ਸੂਚੀਆਂ ਅਨੁਸਾਰ ਸ਼ਾਮਿਲ ਹੋਣ ਤੋਂ ਰਹਿ ਗਿਆ ਹੋਵੇ ਤਾਂ ਉਹ ਮਿਤੀ 27.06.2018 ਨੂੰ ਅੱਪ ਲੋਡ ਕੀਤੇ ਪਬਲਿਕ ਨੋਟਿਸ ਵਿੱਚ ਦਰਸਾਏ ਅਨੁਸਾਰ ਮੁਕੰਮਲ ਦਸਤਾਵੇਜ਼ਾਂ ਸਹਿਤ ਕਾਊਂਸਲਿੰਗ ਲਈ ਹਾਜ਼ਰ ਹੋਵੇ। ਇਸ ਕਾਊਂਸਲਿੰਗ ਤੋਂ ਬਾਅਦ ਕਿਸੇ ਵੀ ਸਬੰਧਤ ਪ੍ਰਾਇਮਰੀ ਟੀਚਰ ਨੂੰ ਇਨ੍ਹਾਂ ਤਰੱਕੀਆਂ ਲਈ ਕਾਊਂਸਲਿੰਗ ਦਾ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ। ਅਧੂਰੇ ਦਸਤਾਵੇਜ਼ਾਂ ਦੇ ਅਧਾਰ ਤੇ ਕਰਮਚਾਰੀ ਨੂੰ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ। ਕਾਊਂਸਲਿੰਗ ਲਈ ਹਾਜ਼ਰ ਹੋਏ ਪ੍ਰਾਇਮਰੀ ਅਧਿਆਪਕਾਂ ਨੂੰ ਬਾਰਡਰ ਏਰੀਆ (ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਫਾਜਿਲਕਾ, ਪਠਾਨਕੋਟ ਅਤੇ ਤਰਨਤਾਰਨ) ਅਤੇ ਮੌਜੂਦਾ ਏਰੀਆ ਸਬੰਧੀ One Time Option ਮੌਕੇ ਤੇ ਹੀ ਦੇਣੀ ਹੋਵੇਗੀ। ਜੇਕਰ ਇਸ ਸਬੰਧੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਮੌਜੂਦਾ ਕਾਡਰ ਵਿੱਚ ਸਮਝ ਲਿਆ ਜਾਵੇਗਾ।

ਨੋਟ: ਜਾਰੀ ਮਿਤੀ 28-6-18.

3/7/18
ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ.) ਪੰਜਾਬ
ਐਸ.ਏ.ਐਸ. ਨਗਰ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਹੁਕਮ ਨੰ: 2/1-2017ਅ4(5)
ਮਿਤੀ: 26-06-2018

## ਪਬਲਿਕ ਨੋਟਿਸ

ਪ੍ਰਾਇਮਰੀ ਟੀਚਰ ਤੋਂ ਮਾਸਟਰ ਕਾਡਰ ਦੇ ਵਿੱਚ ਤਰੱਕੀਆਂ ਸੰਬੰਧੀ ਮੁੱਖ ਦਫਤਰ ਵਿਖੇ ਕਾਉਸਲਿੰਗ ਕੀਤੀ ਜਾਣੀ ਹੈ। ਇਸ ਸਬੰਧੀ ਸੀਨੀਆਰਤਾ ਸੂਚੀ ਦੇ ਅਧਾਰ ਤੇ ਹੇਠ ਦਰਸਾਏ ਕ੍ਰਾਇਟੀਰੀਏ/ਪ੍ਰੋਗਰਾਮ ਅਨੁਸਾਰ ਮਾਸਟਰ ਕਾਡਰ ਦੀ ਤਰੱਕੀ ਲਈ ਪ੍ਰਾਇਮਰੀ ਅਧਿਆਪਕਾਂ ਨੂੰ ਹੇਠ ਲਿਖੇ ਅਨੁਸਾਰ ਵਿਸ਼ਿਆਂ ਸਾਹਮਣੇ ਦਰਸਾਏ ਸਥਾਨਾ ਤੇ ਹਾਜਰ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ: -

| ਲੜੀ ਨੰ: | ਮਿਤੀ | ਵਿਸ਼ਾ | ਸਥਾਨ | ਕਾਊਂਸਲਿੰਗ ਸੰਬੰਧੀ ਵਿਸ਼ਾ ਸੀਨੀ: ਸੂਚੀ ਅਨੁਸਾਰ ਸਮਾਂ ਸਾਰਨੀ | ਕਾਉਸਲਿੰਗ ਲਈ ਸ਼ਾਮਿਲ ਹੋਣ ਵਾਲੇ ਕਰਮਚਾਰੀਆਂ ਦੇ ਲੜੀ ਨੰ: |
|---|---|---|---|---|---|
| 1 | 28-06-2018 | ਅੰਗਰੇਜੀ | ਸਮਾਸਸਸ ਫੇਜ 3-ਬੀ 1, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 2 | 28-06-2018 | ਸਾਇੰਸ | ਸਹਾਸ ਫੇਜ-7, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 3 | 28-06-2018 | ਮੈਥ | ਸਸਸਸ ਫੇਜ-11, ਸਅਸ ਨਗਰ। | ਲੜੀ ਨੰ: 1 ਤੋਂ 600 - 08.00 ਵਜੇ ਸਵੇਰੇ<br>ਲੜੀ ਨੰ: 601 ਤੋਂ ਬਾਕੀ ਸਾਰੇ - 1.00 ਵਜੇ ਬਾ:ਦੁ: | ਨੱਥੀ ਸੂਚੀ ਅਨੁਸਾਰ। |
| 4 | 28-06-2018 | ਸੋਸ਼ਲ ਸਾਇੰਸ ਅਤੇ ਹਿੰਦੀ | ਸਕੰਸਸਸ ਸੋਹਾਣਾ, ਸਅਸ ਨਗਰ। | ਲੜੀ ਨੰ: 1 ਤੋਂ ਸਾਰੇ -8.00 ਵਜੇ ਸਵੇਰੇ<br>ਲੜੀ ਨੰ: 1 ਤੋਂ 158 ਤੱਕ -1.00 ਬਾ: ਦੁ: | ਨੱਥੀ ਸੂਚੀ ਅਨੁਸਾਰ। |

ਉਪਰੋਕਤ ਸੂਚੀ ਵਿਭਾਗ ਦੇ ਪੱਤਰ ਨੰ: 19/23-2016 ਅ2(1) ਮਿਤੀ 13-10-2017 ਅਨੁਸਾਰ ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬ ਤੇ ਅੱਪਲੋਡ ਕੀਤੇ ਰੈਗੂਲਰ ਹੋਏ ਪ੍ਰਾਇਮਰੀ ਅਧਿਆਪਕਾਂ ਦੇ ਡਾਟੇ ਦੇ ਅਧਾਰ ਤੇ ਡਾਇਰੈਕਟਰ ਸਿੱਖਿਆ ਵਿਭਾਗ(ਐਸਿ) ਨੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਵਲੋਂ ਵੈਰੀਫਾਈ ਕਰਨ ਉਪਰੰਤ ਤਿਆਰ ਕਰਕੇ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਨੂੰ ਤਰੱਕੀਆਂ ਕਰਨ ਲਈ ਵਿਸ਼ਾ ਸੀਨੀਆਰਤਾ ਸੂਚੀ ਦੇ ਰੂਪ ਵਿਚ ਉਪਲਬੱਧ ਕਰਵਾਈ ਗਈ ਹੈ ਜਿਸ ਦੇ ਸਨਮੁੱਖ ਇਹ ਤਰੱਕੀ ਪ੍ਰਕ੍ਰਿਆ ਅਮਲ ਵਿਚ ਲਿਆਂਦੀ ਜਾਣੀ ਹੈ। ਪਰੰਤੂ ਜੇਕਰ ਉਪਰਕੋਤ ਵਿਸ਼ਾ ਸੀਨੀਆਰਤਾਵਾਂ ਅਨੁਸਾਰ ਕੋਈ ਵੀ ਸੀਨੀਅਰ ਪ੍ਰਾਇਮਰੀ ਅਧਿਆਪਕ ਜੋ ਕਿ ਮਾਸਟਰ ਕਾਡਰ ਦੀਆਂ ਉਪਰੋਕਤ ਅਨੁਸਾਰ ਵਿਸ਼ਾ ਯੋਗਤਾਵਾਂ ਪੂਰੀਆਂ ਕਰਦਾ ਹੋਵੇ ਅਤੇ ਜਿਸ ਦਾ ਨਾਮ ਉਕਤ ਅਨੁਸਾਰ ਦਰਸਾਏ ਵਿਸ਼ਾ ਸੀਨੀਆਰਤਾ ਸੂਚੀ ਵਿਚ ਸ਼ਾਮਲ ਹੋਣ ਤੋਂ ਰਹਿ ਗਿਆ ਹੈ, ਉਹ ਵੀ ਮਿਤੀ 28-06-2018 ਨੂੰ ਸਵੇਰੇ 7.00 ਵਜੇ ਚੈਕ ਲਿਸਟ ਅਨੁਸਾਰ ਮੁਕੰਮਲ ਦਸਤਾਵੇਜਾਂ ਸਮੇਤ ਕਾਊਂਸਲਿੰਗ ਲਈ ਹਾਜਰ ਹੋਵੇ। ਇਸ ਤੋਂ ਬਾਅਦ ਰਹਿ ਗਏ ਕਿਸੇ ਵੀ ਕਰਮਚਾਰੀ ਨੂੰ ਬਾਅਦ ਵਿਚ ਕੋਈ ਦੂਜਾ ਮੌਕਾ ਨਹੀਂ ਦਿੱਤਾ ਜਾਵੇਗਾ। ਅਧੂਰੇ ਦਸਤਾਵੇਜਾਂ ਦੇ ਅਧਾਰ ਤੇ ਕਰਮਚਾਰੀ ਦਾ ਕੇਸ ਤਰੱਕੀ ਲਈ ਨਹੀਂ ਵਿਚਾਰਿਆ ਜਾਵੇਗਾ। ਕਾਊਂਸਲਿੰਗ ਲਈ ਹਾਜਰ ਹੋਏ ਪ੍ਰਾਇਮਰੀ ਅਧਿਆਪਕਾਂ ਨੂੰ ਬਾਰਡਰ ਏਰੀਆ(ਜਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਪਠਾਨਕੋਟ ਅਤੇ ਤਰਨਤਾਰਨ) ਅਤੇ ਮੌਜੂਦਾ ਏਰੀਆ ਸੰਬੰਧੀ One Time Option ਮੌਕੇ ਤੇ ਹੀ ਦੇਣੀ ਹੋਵੇਗੀ ਜੇਕਰ ਇਸ ਸਬੰਧੀ ਆਪਸ਼ਨ ਪ੍ਰਾਪਤ ਨਹੀਂ ਹੁੰਦੀ ਤਾਂ ਉਸ ਨੂੰ ਮੌਜੂਦਾ ਕਾਡਰ ਵਿੱਚ ਸਮਝਿਆ ਜਾਵੇਗਾ ।

ਕਾਊਂਸਲਿੰਗ ਵਿਚ ਸ਼ਾਮਲ ਹੋਣ ਵਾਲੇ ਪ੍ਰਾਇਮਰੀ ਅਧਿਆਪਕ ਨਿਮਨਲਿਖਤ ਦਰਸਾਈ ਚੈੱਕ ਲਿਸਟ ਅਨੁਸਾਰ ਆਪਣੇ ਦਸਤਾਵੇਜ ਕਾਊਂਸਲਿੰਗ ਟੀਮ ਸਨਮੁੱਖ ਪੇਸ਼ ਕਰਨਗੇ। ਸੰਬੰਧਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਦੇ ਦਫਤਰ ਦਾ ਜਿੰਮੇਵਾਰ ਅਧਿਕਾਰੀ ਡੀਲਿੰਗਹੈਂਡ ਸਮੇਤ ਸੂਚੀ ਵਿਚ ਆਪਣੇ ਜਿਲ੍ਹੇ ਨਾਲ ਸੰਬੰਧਤ ਸਾਰੇ ਅਧਿਆਪਕਾਂ ਦਾ ਸੀਨੀਆਰਤਾ/ਡੀਬਾਰ/ਰਿਵਰਸ਼ਨ/ਸ਼ਿਕਾਇਤ ਪੜਤਾਲ ਪੈਡਿੰਗ/ਕੋਰਟ ਕੇਸ ਪੈਡਿੰਗ/ਗੁਪਤ ਰਿਪੋਰਟ ਸੰਬੰਧੀ ਐਡਵਰਸ ਰਿਮਾਰਕਸ ਅਤੇ ਬੈਚ ਮਾਰਕ/ਲੰਬੀ ਗੈਰਹਾਜਰੀ/ਨੋਸ਼ਨਲ ਨਿਯਕਤੀ ਆਦਿ ਸੰਬੰਧੀ ਮੁਕੰਮਲ ਦਫਤਰੀ ਰਿਕਾਰਡ ਕਾਊਂਸਲਿੰਗ ਸਮੇਂ ਪੇਸ਼ ਕਰੇਗਾ।

ਨੱਥੀ: 1. ਵਿਸ਼ਾ ਸੀਨੀਆਰਤਾ ਸੂਚੀਆਂ।
2. ਚੈੱਕ ਲਿਸਟ(ਸਮੇਤ ਪ੍ਰੋਫਾਰਮਾ ੳ,ਅ ਅਤੇ ੲ)
3. ਬਾਰਡਰ/ਨਾਨ-ਬਾਰਡਰ ਏਰੀਆ ਆਪਸ਼ਨ ਫਾਰਮ।
4. ਸਕਰੂਟਨੀ ਪ੍ਰੋਫਾਰਮਾ

-ਸਹੀ/-
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)
ਪੰਜਾਬ।